ਪਦਮ ਸ੍ਰੀ ਮਿਲਣ 'ਤੇ ਵਿਸ਼ੇਸ਼

# ਧਾਰਮਿਕ ਅਰਥਾਂ ਦੀ ਇਬਾਰਤ : ਬਾਬਾ ਸੇਵਾ ਸਿੰਘ ਜੀ

ਡਾ. ਗੁਰਬਖ਼ਸ਼ ਸਿੰਘ ਭੰਡਾਲ
(ਸੈੱਲ # 91 97800-30291)

ਦੁੱਧ ਚਿੱਟਾ ਬਾਣਾ। ਪੂਰਨ ਸਿੱਖੀ ਸਰੂਪ ਵਿਚ ਸਜੀ ਵਿਲੱਖਣ ਦਿੱਖ। ਗੁਰੂ ਦੇ ਰੰਗ ਵਿਚ ਰੰਗਿਆ। ਮਸਤਕ 'ਤੇ ਪਸਰੀ ਮਾਨਵੀ-ਫਿਕਰਮੰਦੀ। ਸਮਾਜਿਕ ਸਰੋਕਾਰਾਂ ਦੀ ਸੋਚ 'ਚ ਲੀਨ। ਸਰਬ-ਸਾਂਝੀਵਾਲਤਾ ਅਤੇ ਸਰਬ-ਭਲਾਈ ਦਾ ਹਰਫ਼, ਹਰ ਸੋਚ-ਚਿਰਾਗ ਵਿਚ ਧਰਨ ਵਾਲੇ, ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲੇ। ਉਹਨਾਂ ਦਾ ਭਾਰਤ ਸਰਕਾਰ ਵਲੋਂ ਪਦਮ ਸ੍ਰੀ ਨਾਲ ਸਨਮਾਨ, ਧਰਮ ਦੇ ਸੁੱਚੇ ਅਰਥਾਂ ਦਾ ਸਨਮਾਨ, ਮਨੁੱਖੀ ਰਹਿਤਲ ਵਿਚ ਵੱਸਦੀ ਆਤਮਿਕ ਜੋਤ ਦਾ ਮਾਣ ਅਤੇ ਕੁਦਰਤ ਤੇ ਜੀਵ-ਸੰਸਾਰ ਵਿਚਲੀ ਸਦੀਵੀ ਸਾਂਝ ਦੀ ਬਰਕਰਾਰੀ ਦਾ ਅਹਿਦਨਾਮਾ।

ਧਰਮਿਕ, ਸਮਾਜਿਕ ਅਤੇ ਵਿਰਾਸਤੀ ਸਰੋਕਾਰਾਂ ਨੂੰ ਸੰਭਾਲਣ ਵਾਲਿਆਂ ਦਾ ਸਨਮਾਨ, ਦਰਅਸਲ ਸਮੁੱਚੀ ਮਾਨਵਜਾਤੀ ਦਾ ਸਨਮਾਨ ਹੁੰਦਾ ਏ। ਪਿਛਲੇ ਸਾਲ ਪੁਰਾਤਨ-ਸੰਗੀਤ ਨੂੰ ਪ੍ਰਣਾਏ, ਰਾਗਾਂ ਵਿਚ ਪ੍ਰਬੀਨ ਅਤੇ ਮਧੁਰ ਅਵਾਜ਼ ਦੇ ਮਾਲਕ ਭਾਈ ਨਿਰਮਲ ਸਿੰਘ ਖਾਲਸਾ ਨੂੰ ਪਦਮ ਸ੍ਰੀ ਮਿਲਣਾ, ਇਕ ਸ਼ੁਭ ਸੰਕੇਤ ਸੀ ਕਿ ਆਉਣ ਵਾਲੇ ਸਮੇਂ 'ਚ ਉਹਨਾਂ ਮਹਾਨ ਸ਼ਖਸ਼ੀਅਤਾਂ ਨੂੰ ਮਾਣ-ਸਨਮਾਨ ਮਿਲਦਾ ਰਹੇਗਾ ਜਿਹਨਾਂ ਨੇ ਸਮਾਜਿਕ ਮੁਹਾਂਦਰਾ ਨਿਖਾਰਨ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਨਿਭਾ ਰਹੇ ਹਨ। ਇਸਦਾ ਪ੍ਰਮਾਣ ਹੈ ਕਿ ਇਸ ਵਾਰ ਪੰਜਾਬ ਦੀ ਅਜ਼ੀਮ ਸ਼ਖਸ਼ੀਅਤ, ਸਿਹਤਮੰਦ ਵਾਤਾਵਰਣ ਦੀ ਸਦੀਵਤਾ ਲਈ ਯਤਨਸ਼ੀਲ ਅਤੇ ਧਾਰਮਿਕਤਾ ਨੂੰ ਸਮਾਜਿਕ ਬਿਹਤਰੀ ਲਈ ਵਰਤਣ ਵਾਲੇ, ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੂੰ ਪਦਮ ਸ੍ਰੀ ਦਾ ਅਵਾਰਡ ਦਿਤਾ ਗਿਆ ਹੈ।



ਅੱਠ ਗੁਰੂ ਸਾਹਿਬਾਨਾਂ ਨਾਲ ਵਰਸੋਏ ਖਡੂਰ ਸਾਹਿਬ ਦੇ ਗੁਰੂਘਰਾਂ ਦੀ ਸੁੰਦਰ ਦਿੱਖ, ਕੁਦਰਤ ਅਤੇ ਧਰਮ ਦਾ ਸੁੰਦਰ ਸੁਮੇਲ, ਫੁੱਲਾਂ ਅਤੇ ਬਿਰਖਾਂ ਦੀ ਸੰਗਤ 'ਚ ਆਭਾ ਨਿਖਾਰ ਰਹੇ ਗੁਰਦੁਆਰਿਆਂ ਦੇ ਅਸਮਾਨ ਛੂੰਹਦੇ ਨਿਸ਼ਾਨ ਸਾਹਿਬ, ਸਿੱਖ ਸੋਚ ਦੇ ਪਸਾਰ ਲਈ ਅਧੁਨਕ ਤਕਨੀਕਾਂ ਦੀ ਵਰਤੋਂ ਲਈ ਖਡੂਰ ਸਾਹਿਬ ਵਿਚ ਪਹਿਲਾ ਟੱਚ-ਸਕਰੀਨ ਆਡੀਓ-ਵੀਡਿਓ ਸਿੱਖ ਮਿਊਜ਼ੀਅਮ ਅਤੇ ਸਖਸ਼ੀਅਤ ਸਿਰਜਣਾ ਨੂੰ ਸਮਰੱਪਤ ਉਸਾਰੀ ਅਧੀਨ ਨਵੀਨਤਮ ਅਜੂਬਾ 'ਨਿਸ਼ਾਨ-ਏ-ਸਿੱਖੀ' ਆਦਿ 'ਚੋਂ ਜੋ ਜਿਸ ਧਾਰਮਿਕ ਸ਼ਖਸ਼ੀਅਤ ਦੇ ਦੀਦਾਰੇ ਹੁੰਦੇ ਨੇ, ਉਹ ਨੇ ਬਾਬਾ ਸੇਵਾ ਸਿੰਘ ਜੀ। ਧਾਰਮਿਕ ਪਖੰਡਤਾ ਤੋਂ ਨਫ਼ਰਤ ਅਤੇ ਕਰਮ-ਕਾਂਡਾਂ ਤੋਂ ਕੋਹਾਂ ਦੂਰ ਨੇ ਬਾਬਾ ਜੀ। ਭਵਿੱਖਮੁੱਖੀ ਅਤੇ ਨਰੋਈ ਸੋਚ ਨੂੰ ਪ੍ਰਣਾਏ ਬਾਬਾ ਜੀ ਕੁਦਰਤੀ ਸੰਤੁਲਨ ਵਿਚ ਪੈਦਾ ਹੋ ਰਹੇ ਵਿਗਾੜ ਤੋਂ ਹਮੇਸ਼ਾ ਚਿੰਤਾਤੁਰ। ਕੁਦਰਤ ਪ੍ਰੇਮੀ ਬਾਬਾ ਜੀ ਨੇ ਖਡੂਰ ਸਾਹਿਬ ਅਤੇ ਇਸਦੇ ਆਲੇ ਦੁਆਲੇ ਵਿਚ ਬੂਟਿਆਂ ਨੂੰ ਬੱਚਿਆਂ ਵਾਂਗ ਪਾਲ ਕੇ, ਅਲੋਪ ਹੋ ਰਹੇ ਵਿਰਾਸਤੀ ਬਿਰਖਾਂ ਬੋਹੜ, ਨਿੰਮ, ਪਿੱਪਲ ਆਦਿ ਅਤੇ ਪ੍ਰਵਾਸ ਕਰ ਗਏ ਪਰਿੰਦਿਆਂ ਸੰਗ ਇਕਸੁਰਤਾ ਸਿਰਜ ਕੇ, ਕੁਦਰਤ ਦੀ ਚਿਰੰਜੀਵਤਾ ਦਾ ਵਚਨ ਪੂਰਾ ਕੀਤਾ ਹੈ। 25,000 ਤੋਂ ਜ਼ਿਆਦਾ ਫਲਦਾਰ ਅਤੇ ਇਕ ਲੱਖ ਤੋਂ ਜ਼ਿਆਦਾ ਦੂਸਰੇ ਰੁੱਖ ਲਗਾ ਕੇ, ਹਵਾ ਅਤੇ ਹਰਿਆਵਲ ਦੇ ਲੰਗਰਾਂ ਨਾਲ ਸਮੁੱਚੇ ਜੀਵ-ਸੰਸਾਰ ਨੂੰ ਯੁੱਗ-ਜਿਊਣ ਦੀ ਅਸੀਸ ਦਿਤੀ । ਬਾਬਾ ਜੀ ਦਾ ਨਿੱਤਨੇਮ ਹੈ ਸੁਬਾ ਅਤੇ ਸ਼ਾਮ, ਡੇਰੇ ਦੀ ਕੰਧ 'ਤੇ ਚਿੜੀਆਂ ਦਾ ਸਤਸੰਗ ਸੁਣਨਾ। ਸੂਬੇਦਾਰ ਬਲਬੀਰ ਸਿੰਘ ਵਲੋਂ ਡੇਰੇ ਦੇ ਬਾਗ ਵਿਚ ਕੁਦਰਤੀ ਰੂਪ ਵਿਚ ਉਪਜਾਏ ਫਲਾਂ ਅਤੇ ਸਬਜੀਆਂ ਦਾ ਪ੍ਰਸ਼ਾਦ ਦੇਣਾ, ਬਾਬਾ ਜੀ ਦੀ ਕਰਮ-ਜਾਚਨਾ। ਹਰ ਬਿਰਖ ਦੇ ਗੁਣਾਂ ਦੀ ਤਫਸੀਲ, ਉਹਨਾਂ ਦੇ ਗਿਆਨ-ਗੋਸ਼ਟ ਦਾ ਮੀਰੀ ਪਹਿਲੂ। ਕੁਦਰਤ ਦੀ ਸੇਵਾ-ਸੰਭਾਲ ਲਈ ਚੇਤੰਨ ਬਾਬਾ ਜੀ ਕਦੇ ਦਿੱਲੀ ਦੀ ਈਕੋ ਕਲੱਬ ਵਿਚ ਵਾਤਾਵਰਣ ਦੀ ਰੱਖ-ਰਖਾਵ ਲਈ ਪ੍ਰੇਰਨਾ ਦਿੰਦੇ, ਕਦੇ ਇੰਗਲੈਂਡ ਦੀ ਸਰਬ-ਧਰਮੀ ਆਲਮੀ ਕਾਨਫਰੰਸ ਵਿਚ ਧਰਮ ਵਿਚੋਂ ਕੁਦਰਤ ਦੀ ਸਾਰਥਿਕਤਾ ਨਿਹਾਰਦੇ ਅਤੇ ਕਦੇ ਕੈਨੇਡਾ-ਅਮਰੀਕਾ ਵਿਚ ਵਾਤਾਵਰਣੀ-ਚੇਤਨਾ ਨਾਲ ਜੁੱੜੇ ਸਮਾਗਮਾਂ ਦੀ ਪ੍ਰਧਾਨਗੀ ਕਰਦੇ। ਉਹਨਾਂ ਦੇ ਰੋਮ ਰੋਮ ਵਿਚ ਸਮਾਈ ਹੋਈ ਹੈ ਕੁਦਰਤੀ ਰੰਗਣ ਵਾਲੀ ਧਾਰਮਿਕਤਾ।

ਅੱਖਰ-ਜੋਤ ਦੇ ਚਾਨਣ ਮੁਨਾਰੇ ਖਡੂਰ ਸਾਹਿਬ ਵਿਚ, ਗਿਆਨ ਦੀ ਜੋਤੀ ਨੂੰ ਪ੍ਰਚੰਡ ਕਰਨ ਲਈ ਵਿਦਿਅਕ ਅਦਾਰਿਆਂ ਦੀ ਸੰਪੂਰਨ ਕੜੀ, ਬਾਬਾ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਤਨਸ਼ੀਲ। ਬਾਬਾ ਜੀ ਦਾ ਅਟੁੱਟ ਵਿਸ਼ਵਾਸ਼ ਹੈ ਕਿ ਅੱਖਰ-ਗਿਆਨ ਹੀ ਸਮਾਜਿਕ ਕੁਰੀਤੀਆਂ ਤੇ ਗਰੀਬੀ ਨੂੰ ਦੂਰ ਕਰਨ ਅਤੇ ਮਨੁੱਖ ਦੀ ਸਦੀਵੀ ਹੋਂਦ ਦਾ ਜ਼ਾਮਨ ਤੇ ਸਾਧਨ ਹੈ। ਵਿਦਿਅਕ ਤੌਰ 'ਤੇ ਪਛੜੇ ਖਡੂਰ ਸਾਹਿਬ ਦੇ ਇਲਾਕੇ ਨੂੰ ਉਪਰ ਉਠਾਉਣ ਦੀ ਚਾਹਨਾ ਵਿਚੋਂ ਹੀ ਉਪਜੀ ਏ ਬਾਬਾ ਜੀ ਦੀ ਤਮੰਨਾ ਕਿ ਇਸ ਇਲਾਕੇ ਦੇ ਬੱਚੇ ਚੰਗੇ ਇੰਜਨੀਅਰ, ਡਾਕਟਰ ਜਾਂ ਅਫਸਰ ਬਣਨ। ਇਸੇ ਕਰਕੇ ਹੀ ਗੁਰੂ ਅੰਗਦ ਦੇਵ ਜੀ ਦੇ ਨਾਮ 'ਤੇ ਚੱਲ ਰਹੇ ਸਕੂਲ, ਡਿਗਰੀ ਕਾਲਜ, ਬੀ ਐਡ ਕਾਲਜ ਦੇ ਨਾਲ ਨਾਲ ਮੁਕਾਬਲੇ ਦੇ ਇਮਤਿਹਾਨ ਜਿਵੇਂ ਪੀ ਐਮ ਟੀ, ਸੀ ਈ ਟੀ ਆਦਿ ਦੀ ਤਿਆਰੀ ਲਈ ਕੈਰੀਅਰ ਸੰਸਥਾ ਵੀ ਸ਼ੁਰੂ ਕੀਤੀ ਗਈ ਹੈ। ਸੰਸਥਾਵਾਂ ਦੇ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਅਤੇ ਰੋਲ ਮਾਡਲ ਨੇ ਬਾਬਾ ਜੀ। ਗਿਆਨ ਸੇਵਾ ਟਰੱਸਟ ਨਵੀਂ ਦਿੱਲੀ ਦਾ ਵਿਦਿਅਕ ਕੇਂਦਰ ਏ ਖਡੂਰ ਸਾਹਿਬ। ਬਾਬਾ ਜੀ ਦੀ ਰਹਿਨੁਮਾਈ 'ਚ, ਬ੍ਰਿਗੇਡੀਅਰ ਔਲਖ ਵਲੋਂ ਦਿਤੀ ਸਿਖਲਾਈ ਸਦਕਾ, ਬੀ ਐਸ ਐਫ ਅਤੇ ਪੰਜਾਬ ਪੁਲੀਸ ਵਿਚ ਖਡੂਰ ਸਾਹਿਬ ਦੇ ਇਲਾਕੇ ਦੀਆਂ ਲੜਕੀਆਂ ਦੀ ਬਹੁਤਾਤ। ਖਡੂਰ ਸਾਹਿਬ ਤੋਂ ਬਾਹਰ ਗਵਾਲੀਅਰ (ਐਮ ਪੀ), ਮਕਰਾਣਾ (ਰਾਜਸਥਾਨ) ਅਤੇ ਕਰਤਾਰਪੁਰ ਵਿਖੇ ਚੱਲ ਰਹੇ ਵਿਦਿਅਕ ਅਦਾਰੇ, ਬਾਬਾ ਜੀ ਦੀ ਦਿੱਬ ਦ੍ਰਿਸ਼ਟੀ ਦੇ ਸੂਚਕ।

ਗੁਰੂ ਸਾਹਿਬਾਨਾਂ ਦੀ ਸੋਚ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਵਾਲੇ ਬਾਬਾ ਜੀ ਦਾ ਅਕੀਦਾ ਏ ਕਿ ਤੰਦਰੁਸਤ ਸਰੀਰ ਹੀ ਤੰਦਰੁੱਸਤ ਮਨ ਦਾ ਰੈਣ-ਬਸੇਰਾ ਹੋ ਸਕਦਾ ਹੈ। ਇਸੇ ਲਈ ਉਹਨਾਂ ਵਲੋਂ ਪਿਛਲੇ ਕੁਝ ਸਾਲਾਂ ਤੋਂ ਚਲਾਈ ਜਾ ਰਹੀ ਬਾਬਾ ਉਤਮ ਸਿੰਘ ਹਾਕੀ ਅਕੈਡਮੀ, ਆਪਣੀਆਂ ਕੌਮੀ ਪੱਧਰ 'ਤੇ ਮਾਰੀਆਂ ਮੱਲਾਂ ਸਦਕਾ, ਭਵਿੱਖ ਵਿਚ ਵਿਸ਼ਵ ਹਾਕੀ ਦੀ ਨਰਸਰੀ ਵਜੋਂ ਆਪਣੀ ਸਮਰੱਥਾ ਸਿਰਜਣ ਲਈ ਤੇਜੀ ਨਾਲ ਅੱਗੇ ਵੱਧ ਰਹੀ ਹੈ। ਵਿਰਾਸਤੀ ਰੰਗਣ ਵਿਚ ਰੰਗੀ ਹੋਈ ਹਾਕੀ ਟੀਮ ਦਾ ਉਭਾਰ, ਇਕ ਨਰੋਈ ਸਖਸ਼ੀਅਤ ਉਸਾਰੀ ਵੰਨੀਂ ਸਿਰਜਣਾਤਮਿਕ ਕਦਮ।

ਖਡੂਰ ਸਾਹਿਬ ਵਿਖੇ 500 ਸਾਲਾ ਨੂੰ ਸਮਰੱਪਤ ਸਮਾਗਮਾਂ ਦੀ ਵਿਲੱਖਣਤਾ ਨੇ ਹਰ ਸ਼ਰਧਾਲੂ ਦਾ ਮਨ ਮੋਹਿਆ ਸੀ। ਬਹੁਤ ਹੀ ਨੇਮਬੱਧ, ਧਾਰਮਿਕਤਾ ਨਾਲ ਲਬਰੇਜ਼ ਪਰ ਰਾਜਨੀਤਕ ਅਖਾੜੇ ਤੋਂ ਵਿੱਥ। ਸਮਾਗਮਾਂ ਵਿਚ ਹਰ ਹਸਤੀ ਦਾ ਨਿਮਾਣੇ ਸੇਵਕ ਵਜੋਂ ਆਦਰ-ਸਤਿਕਾਰ। ਇਹ ਬਾਬਾ ਜੀ ਦੀ ਹੀ ਸੋਚ ਸੀ ਕਿ ਇਸ ਸ਼ਤਾਬਦੀ ਨੂੰ ਚਿਰੰਜੀਵ ਰੱਖਣ ਵਾਸਤੇ, ਹਵਾ ਅਤੇ ਹਰਿਆਵਲ ਦੇ ਲੰਗਰ ਲਾਉਣ ਲਈ ਬਿਰਖ ਲਾਏ ਜਾਣ ਤਾਂ ਕਿ ਇਹ ਸਦੀਆਂ ਤੀਕ ਹਰ ਜੀਵ-ਜੰਤੂ ਨੂੰ ਤਾਜੀ ਹਵਾ ਅਤੇ ਆਲ੍ਹਣਾ ਪ੍ਰਦਾਨ ਕਰਦੇ ਰਹਿਣ। ਇਸੇ ਉਦਮ ਸਦਕਾ ਖਡੂਰ ਸਾਹਿਬ ਨੂੰ ਜਾਂਦੀਆਂ ਸਾਰੀਆਂ ਸੜਕਾਂ ਦੇ ਆਲੇ ਦੁਆਲੇ ਹਰਿਆਵਲ ਭਰਪੂਰ ਕੱਜਣ ਮਨ ਨੂੰ ਮੋਂਹਦਾ ਏ ਅਤੇ ਬਖਸ਼ਦਾ ਏ ਅੱਖਾਂ ਨੂੰ ਸਕੂਨ ਤੇ ਠੰਢਕ।

ਧਰਮ ਇਕ ਜੀਵਨ ਜਾਚ ਅਤੇ ਜਿੰਦਗੀ ਨੂੰ ਚੰਗੇਰੇ ਤਰੀਕੇ ਨਾਲ ਜਿਊਣ ਦਾ ਵਸੀਲਾ। ਇਸ ਧਾਰਨਾ ਦੇ ਅਨੁਆਈ ਨੇ ਬਾਬਾ ਸੇਵਾ ਸਿੰਘ ਜੀ। ਧਰਮ ਨੂੰ ਸੌੜੀਆਂ ਵਲਗਣਾਂ ਵਿਚੋਂ ਬਾਹਰ ਕੱਢ, ਸਮੁੱਚੀ ਲੋਕਾਈ ਦੀ ਭਲਾਈ ਦਾ ਹੋਕਰਾ ਲਾਉਣਾ, ਬਾਬਾ ਜੀ ਦਾ ਸੰਕਲਪ। ਸਾਦਗੀ ਰਾਹੀਂ ਸੁਹੱਪਣ ਨੂੰ ਚੌਗਿਰਦੇ ਵਿਚ ਵਿਸਥਾਰਨਾ, ਉਹਨਾਂ ਦੀ ਕਰਮ-ਸਾਧਨਾ। ਨਿਮਰਤਾ, ਉਹਨਾਂ ਦਾ ਮੀਰੀ ਗੁਣ। ਸਰਬ ਦਾ ਭਲਾ, ਮੁਖਾਰ-ਬਿੰਦ ਦਾ ਤਕੀਆ ਕਲਾਮ। ਪੰਜਾਬ ਦੇ ਗੜਬੜੀ ਵਾਲੇ ਦਿਨਾਂ ਦੌਰਾਨ ਜਰੇ ਸਰਕਾਰੀ ਤਸ਼ੱਦਦ ਅਤੇ ਜ਼ਬਰ ਦੀ ਚੀਸ, ਕਦੇ ਕਦੇ ਜਰੂਰ ਉਠਦੀ ਹੈ ਭਰੇ ਹੋਏ ਜਖ਼ਮਾਂ ਵਿਚੋਂ। ਪਰ ਉਹਨਾਂ ਦੇ ਮਨ ਵਿਚ ਰਤਾ ਵੀ ਕੁੜੱਤਣ ਨਹੀਂ। ਉਹਨਾਂ ਦੇ ਮੁੱਖੋਂ ਅਸੀਸ ਹੀ ਨਿਕਲਦੀ ਏ ਕਿ ਰੱਬ ਉਹਨਾਂ ਦਾ ਵੀ ਭਲਾ ਕਰੇ। ਪਦਮ ਸ੍ਰੀ ਨਾਲ ਸਨਮਾਨੇ ਜਾਣ ਤੋਂ ਪਹਿਲਾਂ ਈਕੋ ਕਲੱਬ ਨਵੀਂ ਦਿੱਲੀ, ਪੰਜਾਬੀ ਸੱਥ ਲਾਂਬੜਾ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਭਾਰਤ ਨਿਰਮਾਣ ਸੰਸਥਾ ਕਲਕੱਤਾ ਅਤੇ ਕੈਨੇਡਾ-ਅਮਰੀਕਾ ਸਣੇ ਦੇਸ਼-ਵਿਦੇਸ਼ਾਂ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਸਨਮਾਨੇ ਜਾ ਚੁੱਕੇ ਬਾਬਾ ਜੀ ਦੀ ਨਿਮਰਤਾ ਦੀ ਸੀਮਾ ਹੀ ਹੈ ਜਦੋਂ ਉਹ ਕਹਿੰਦੇ ਨੇ ਕਿ "ਇਹ ਸਨਮਾਨ ਮੇਰਾ ਨਹੀਂ। ਸਾਰੇ ਮਾਣ-ਸਨਮਾਨ ਸਮੂਹ ਸੰਗਤ ਦੇ ਹਨ ਜਿਹਨਾਂ ਨੇ ਉਸਾਰੂ ਕਾਰਜ਼ਾਂ ਵਿਚ ਭਰਪੂਰ ਸਮਰਥੱਨ ਅਤੇ ਸਹਿਯੋਗ ਦਿਤਾ ਏ।" ਧਰਮ ਵਿਚੋਂ ਬੰਦਿਆਈ ਅਤੇ ਬੰਦਗੀ ਦੀ ਬਹੁ-ਰੰਗਤ ਤਲਾਸ਼ਣ ਵਾਲੇ, ਮਸਤਕ-ਚਿਰਾਗਾਂ ਨੂੰ ਆਪਣੀ ਕਰਮ-ਸ਼ੈਲੀ ਨਾਲ ਜਗਾਉਣ ਵਾਲੇ, ਗਿਆਨ-ਮੰਦਰਾਂ ਨੂੰ ਮਾਨਵੀ ਸਰੋਕਾਰਾਂ ਦੇ ਸਮਾਧਾਨ ਲਈ ਵਰਤੋਂ ਦੀ ਮੁਹਾਰਨੀ ਪੜ੍ਹਨ ਵਾਲੇ, ਸਿਹਤਮੰਦ ਸਮਾਜ ਅਤੇ ਸੁੱਚੀਆਂ ਕਦਰਾਂ ਕੀਮਤਾਂ ਦੀ ਧਰਾਤਲ ਉਸਾਰੀ 'ਚ ਮਸ਼ਰੂਫ਼, ਕੁਦਰਤੀ ਸੰਤੁਲਤਾ ਅਤੇ ਜੀਵ-ਇਕਸਾਰਤਾ 'ਚੋਂ ਮਾਨਵਤਾ ਕਿਆਸਣ ਵਾਲੇ, ਮੋਹ-ਮੁਹੱਬਤ ਦੇ ਭਰ ਵੱਗਦੇ ਦਰਿਆ ਜੇਹੇ, ਬਾਬਾ ਸੇਵਾ ਸਿੰਘ ਜੀ ਨੂੰ ਸਨਮਾਨਤ ਕਰਕੇ, ਸਮੁੱਚਾ ਦੇਸ਼ ਹੀ ਸਨਮਾਨਿਤ ਹੋਇਆ ਹੈ। ਆਸ ਏ ਕਿ ਭਵਿੱਖ ਵਿਚ ਵੀ ਬਾਬਾ ਜੀ ਰੌਸ਼ਨ ਰਾਹਾਂ ਦੀ ਨਿਸ਼ਾਨਦੇਹੀ ਕਰਦੇ, ਧਾਰਮਿਕ ਅਕੀਦਿਆਂ 'ਚੋਂ ਭਵਿੱਖੀ-ਮੁੱਖੀ ਉਸਾਰੂ ਸੰਭਾਵਨਾਵਾਂ ਦੇ ਨਕਸ਼ ਸਿਰਜਦੇ ਰਹਿਣਗੇ।

# ਨਾਨਕਸ਼ਾਹੀ ਕੈਲੰਡਰ ਨੂੰ ਬਦਲਣ ਦੀ ਲੋੜ ਨਹੀਂ, ਬਾਦਲ ਸਰਕਾਰ ਨੂੰ ਬਦਲਣ ਦੀ ਲੋੜ ਹੈ

ਸੋਹਣ ਸਿੰਘ ਸਰਹਾਲ ਮੁੰਡੀ
559-681-6550

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰੀ ਕਮੇਟੀ ਨੇ ਬਾਦਲ ਦਲ ਸਰਕਾਰ ਦੇ ਇਸ਼ਾਰੇ 'ਤੇ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਕੇ ਪੰਥ ਵਿੱਚ ਵੰਡੀਆਂ ਪਾਉਣ ਦਾ ਗੰਭੀਰ ਅਪਰਾਧ ਕੀਤਾ ਹੈ। ਇਸਤੋਂ ਅਗਾਂਹ ਬਾਦਲ ਦੇ ਪਿਠੂ ਅਕਾਲ ਤਖ਼ਤ ਦੇ ਸਿਆਸੀ ਜਥੇਦਾਰ ਪ੍ਰਧਾਨ ਗੁਰਬਚਨ ਸਿੰਘ ਨੇ ਕੈਲੰਡਰ ਦੀਆਂ ਸੋਧਾਂ ਕਰਨ ਲਈ ਮੋਹਰ ਲੱਗਾ ਦਿੱਤੀ ਪਰ ਸਾਨੂੰ ਅਤੇ ਸਾਡੀਆਂ ਪੰਚ ਜਥੇਬੰਦੀਆਂ ਨੂੰ ਮਨਜ਼ੂਰ ਨਹੀਂ। ਇਥੇ ਮੈਂ ਜ਼ਿਕਰ ਕਰਾਂ ਕਿ ਨਾਨਕਸ਼ਾਹੀ ਕੈਲੰਡਰ ਸਿੱਖਾਂ ਦੀ ਵੱਖਰੀ ਪਛਾਣ ਤੇ ਕਿਰਦਾਰ ਸਥਾਪਤ ਕਰਨ ਦੇ ਮੰਤਵ ਨਾਲ ਬਣਾਇਆ ਸੀ। 1995 ਇਸ ਕੈਲੰਡਰ ਨੂੰ ਤਿਆਰ ਕਰਨ ਲਈ ਪਾਲ ਸਿੰਘ ਪੁਰੇਵਾਲ ਕੈਨੇਡਾ ਨੇ ਯਤਨ ਅਰੰਭਿਆ ਸੀ। ਡੂੰਘੀ ਖੋਜ ਅਤੇ ਭਾਰੀ ਮਿਹਨਤ ਨਾਲ ਉਨ੍ਹਾਂ ਵੱਲੋਂ ਤਿਆਰ ਇਸ ਕੈਲੰਡਰ ਉਪਰ ਸ਼੍ਰੋਮਣੀ ਕਮੇਟੀ ਦੀਆਂ ਕਈ ਸੰਸਥਾਵਾਂ ਤੇ ਵਿਦਵਾਨਾਂ ਨਾਲ ਲੰਮਾ ਸਮਾਂ ਵਿਚਾਰ ਵਟਾਂਦਰਾ ਕੀਤਾ ਗਿਆ। 2003 ਵਿਚ ਇਸ ਨਾਨਕਸ਼ਾਹੀ ਇਸ ਕੈਲੰਡਰ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਕੇ ਪੂਰੇ ਸਿੱਖ ਜਗਤ ਲਈ ਲਾਗੂ ਕਰ ਦਿੱਤਾ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਤੋਂ ਇਲਾਵਾ ਦੁਨੀਆਂ ਵਿਚਲੀਆਂ ਸਭਨਾਂ ਸਿੱਖ ਸੰਸਥਾਵਾਂ ਨੇ ਗੁਰਪੁਰਬ ਅਤੇ ਤਿਥ ਤਿਉਹਾਰ ਇਸੇ ਕੈਲੰਡਰ ਅਨੁਸਾਰ ਮਨਾਉਣੇ ਚਾਲੂ ਕਰ ਦਿੱਤੇ, ਇਥੇ ਹੀ ਬਸ ਨਹੀਂ ਪੰਜਾਬ ਸਰਕਾਰ ਨੇ ਵੀ ਇਸ ਕੈਲੇਡਰ ਅਨੁਸਾਰ ਤਿਉਹਾਰ ਦੀਆਂ ਛੁਟੀਆਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਕਾਫ਼ੀ ਚਿਰ ਬਾਅਦ ਹੁਣ ਜਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਬਾਦਲ ਪਰਿਵਾਰ ਅਤੇ ਬਾਦਲ ਦਲ ਦੇ ਜੋੜੀਦਾਰ ਡੇਰੇਦਾਰ ਬਾਦਲ ਦੀ ਵੋਟ ਬੈਂਕ ਵਾਲਿਆਂ ਨੇ ਇਹ ਮੁੱਦਾ ਚੁਕ ਲਿਆ ਤੇ ਨਾਨਕਸ਼ਾਹੀ ਕੈਲੰਡਰ ਵਿਚ ਤਬਦੀਲੀਆਂ ਕੀਤੀਆਂ ਜਾਣ ਨਹੀਂ ਤਾਂ ਉਹ ਇਸ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਵਿਰੋਧ ਕਰਨਗੇ । ਫ਼ਿਰ ਅਕਾਲੀ ਦਲ ਨੇ ਸੰਤ ਸਮਾਜ ਦੇ ਆਗੂਆਂ ਨੂੰ ਅਤੇ ਡੇਰੇਦਾਰ ਬਾਬਿਆਂ ਨੂੰ ਆਪਣੇ ਨਾਲ ਰੱਖਣ ਅਤੇ ਦੁਆਰਾ ਫਿਰ ਕਮੇਟੀ ਤੇ ਕਬਜ਼ਾ ਲੈਣ ਲਈ ਨਾਨਕਸ਼ਾਹੀ ਕੈਲੰਡਰ ਦੀ ਸੋਧਾਂ ਕਰਨਾ ਇਹ ਹੈ ਫ਼ੈਸਲਾ ਕੀਤਾ। ਅਕਾਲੀ ਦਲ ਪਾਰਟੀ ,ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਜਿਸ ਤਰ੍ਹਾਂ ਜਲਦੀ ਵਿਚ ਤਿਖੇ ਵਿਰੋਧ ਦੇ ਬਾਵਜੂਦ ਇਨ੍ਹਾਂ ਸੋਧਾਂ ਨੂੰ ਪਾਸ ਕਰਾਇਆ ਹੈ ਇਸ ਨਾਲ ਨਾਨਕਸ਼ਾਹੀ ਕੈਲੰਡਰ ਦੇ ਮਾਮਲੇ ਤੇ ਸਿੱਖ ਪੰਥ ਦੇ ਕਈ ਧੜਿਆਂ ਵਿਚ ਵੰਡੇ ਜਾਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ ।ਹਾਲਾਂਕਿ ਇਸ ਸਬੰਧ ਵਿੱਚ ਹੁੰਦੀਆਂ ਰਹੀਆਂ ਪਿਛਲੀਆਂ ਮੀਟਿੰਗਾਂ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ ਅਤੇ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਨੇ ਕੈਲੰਡਰ ਵਿਚਲੀਆਂ ਸੋਧਾਂ ਦਾ ਸਖ਼ਤ ਵਿਰੋਧ ਕੀਤਾ ਸੀ ਅਤੇ ਕਈ ਸਿੱਖ ਜਥੇਬੰਦੀਆਂ ਵਲੋਂ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰਾਂ ਵਲੋਂ ਕੀਤੀ ਗਈ ਸੋਧਾਂ ਦਾ ਵਿਰੋਧ ਕੀਤਾ ਗਿਆ ਅਤੇ ਜਥੇਬੰਦੀਆਂ ਨੇ ਕਿਹਾ ਅਸੀ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਪਟੀਸ਼ਨ ਦਾਇਰ ਕਰਾਂਗੇ। ਦਲ ਖ਼ਾਲਸਾ ਦੇ ਦਫ਼ਤਰ ਵਿਖੇ ਪੰਥਕ ਕੌਂਸਲ ਦੇ ਮੁਖੀ ਮਨਜੀਤ ਸਿੰਘ ਕਲਕੱਤਾ ਦਲ ਖ਼ਾਲਸਾ ਦੇ ਜਨਰਲ ਸਕੱਤਰ ਕੰਵਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਸੰਦੀਪ ਸਿੰਘ ਸਰਹਾਲ ਮੁੰਡੀ, ਪੰਚ ਪ੍ਰਧਾਨੀ ਦੇ ਦਿਆਲ ਸਿੰਘ ਕੱਕੜ ਅਤੇ ਦੇਸ਼ ਵਿਦੇਸ਼ ਦੀਆਂ ਸਾਰੀਆਂ ਸਿੱਖ ਸੰਸਥਾਵਾਂ ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦਾ ਵਿਰੋਧ ਕੀਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੀ ਇਨ੍ਹਾਂ ਸੋਧਾਂ ਵਿਰੁਧ ਕਹਿੰਦੇ ਹਨ ਜੋ ਵੀ ਕਮੇਟੀ ਨੇ ਇਹ ਫ਼ੈਸਲਾ ਲਿਆ ਹੈ ਇਹ ਬਿਲਕੁਲ ਠੀਕ ਨਹੀਂ ਹੈ। 11 ਮੈਂਬਰੀ ਕਮੇਟੀ ਤੋਂ ਬਿਨਾਂ ਇਹ ਫ਼ੈਸਲਾ ਸਿੱਖ ਕੌਮ ਨੂੰ ਮਨਜ਼ੂਰ ਨਹੀਂ। ਸਿੱਖਾਂ ਦੇ ਦੁਸ਼ਮਣ ਪ੍ਰਕਾਸ਼ ਸਿੰਘ ਬਾਦਲ ਨੇ ਨਿਜੀ ਰਾਜਸੀ ਲਾਲਸਾ ਨੂੰ ਪੂਰਿਆਂ ਕਰਨ ਦੇ ਲਈ ਸਿੱਖਾਂ ਅਤੇ ਸਿੱਖੀ ਨਾਲ ਧਰੋਹ ਕਮਾਇਆ ਹੈ ਜਿਥੋਂ ਤਕ ਵਾਚਿਆ ਜਾਵੇ ਬਾਦਲ ਨਾ ਤਾਂ ਸਿੱਖ ਹੈ ਨਾ ਉਸ ਦਾ ਸਿੱਖੀ ਨਾਲ ਕੋਈ ਵਾਸਤਾ ਹੈ। ਉਸ ਨੂੰ ਸਿਰਫ਼ ਕੁਰਸੀ ਚਾਹੀਦੀ ਹੈ। 1984 ਦੇ ਸਿੱਖਾਂ ਦੇ ਕਾਤਲ ਭਾਜਪਾ ਪਾਰਟੀ ਦਾ ਇਹ ਬਾਦਲ ਭਾਈਵਾਲ ਹੈ। ਸਿੱਖਾਂ ਦਾ ਦੁਸ਼ਮਣ! ਮੈਂ ਤਾਂ ਇਹੀ ਕਹਾਂਗਾ ਹੁਣ ਸਮਾਂ ਆ ਗਿਆ ਹੈ ਕੁਝ ਕਰਨ ਦਾ ਕੁਝ ਸੋਚਣ ਦਾ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਫ਼ਸਲ ਦੀ ਖੈਰ ਨਹੀਂ। ਮੇਰੀ ਤਾਂ ਸਿੱਖ ਕੌਮ ਨੂੰ ਅਪੀਲ ਹੇ ਕਿ ਨਾਨਕਸ਼ਾਹੀ ਕੈਲੰਡਰ ਸੋਧਣ ਦੀ ਬਜਾਏ ਪੰਜਾਬ ਵਿਚ ਬਾਦਲ ਸਰਕਾਰ ਨੂੰ ਸੋਧਿਆ ਜਾਵੇ ਤਾਂ ਹੀ ਪੰਜਾਬ ਹੀ ਖੁਸ਼ਹਾਲੀਾ ਆ ਸਕਦੀ ਹੈ। ਕਦੇ ਤਾਂ ਬਾਦਲ ਸਰਕਾਰ ਦੀ ਸ਼ਹਿ 'ਤੇ ਸਿੱਖਾਂ ਉਪਰ ਸਰਕਾਰ ਵਲੋਂ ਗੋਲੀਆਂ ਚਲਾਈਆਂ ਜਾਂਦੀਆਂ ਹਨ। ਕਦੇ ਦਲਜੀਤ ਸਿੰਘ ਬਿੱਟੂ ਪੰਚ ਪ੍ਰਧਾਨੀ ਨੂੰ ਜੇਲਾਂ ਵਿਚ ਧੱਕਿਆ ਜਾਂਦਾ ਹੈ ਤੇ ਕਦੇ ਹੋਰ ਜੁਝਾਰੂ ਸਿੰਘਾਂ ਨੂੰ ਜ਼ਬਰਦਸਤੀ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ ਜਾ ਰਿਹਾ ਹੈ। ਇਹ ਹੈ ਬਾਦਲ ਦੀ ਹਕੂਮਤ ਦੇ ਨਸ਼ੇੜੀਆਂ ਦੀ ਹੈਂਕੜਬਾਜ਼ੀਆਂ। ਇਹ ਡੇਰੇ ਬਾਦਲ ਦੇ ਵੋਟ ਬੈਂਕ ਹਨ ਭਾਵੇਂ ਉਹ ਸਿਰਸੇ ਸਾਧ ਦਾ ਹੋਵੇ ਭਾਵੇਂ ਨੂਰ ਮਹਿਲੀਏ ਵਾਲਾ ਆਸ਼ੂਤੋਸ਼ ਬਾਬਾ। ਮੇਰੇ ਪੰਜਾਬੀ ਸਿੱਖ ਭਰਾਵੋ ਆਉ ਰਲ ਮਿਲ ਕੇ ਪੰਜਾਬ ਵਿਚੋਂ ਇਨ੍ਹਾਂ ਪੰਥ ਦੇ ਗ਼ਦਾਰ ਠੱਗ ਟੋਲਿਆਂ ਨੂੰ ਦੂਰ ਭਜਾਈਏ ਅਤੇ ਪੰਜਾਬ ਵਿਚ ਸੱਚਾ ਸੁੱਚਾ ਖਾਲਸਾ ਰਾਜ ਕਾਇਮ ਕਰੀਏ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਅਸੀ ਭਾਈ ਸਾਹਿਬ ਭਾਈ ਦਲਜੀਤ ਸਿੰਘ ਬਿੱਟੂ ਅਕਾਲੀ ਪੰਚ ਪ੍ਰਧਾਨੀ ਦਾ ਸਾਥ ਦੇਈਏ। ਪੰਜਾਬ ਦੇ ਲੋਕ ਹੁਣ ਬਾਦਲ ਨੂੰ ਦਸ ਦੇਣ ਕੇ ਅਸੀਂ ਤੇਰਾ ਹੁਣ ਸਾਥ ਨਹੀਂ ਦੇਣਾ। ਹੁਣ ਤੇਰੇ ਝੂਠੇ ਲਾਰਿਆਂ ਵਿਚ ਨਹੀਂ ਅਸੀਂ ਆਉਣ ਵਾਲੇ ਪੰਜਾਬ ਦੀ ਜਨਤਾ ਦੀਆਂ ਅੱਖਾਂ ਹੁਣ ਖੁੱਲ੍ਹ ਗਈਆਂ ਹਨ। ਪੰਥ ਦੇ ਗਦਾਰਾਂ ਨੂੰ ਪੰਜਾਬ ਵਿਚੋਂ ਬਾਹਰ ਕੱਢਣਾ ਤਾਂ ਹੀ ਖਾਲਸਾ ਪੰਥ ਦਾ ਭਲਾ ਹੋ ਸਕਦਾ ਹੈ। ਆਓ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀਆਂ ਸੋਚਾਂ ਨੂੰ ਪ੍ਰਨਾਮ ਕਰੀਏ। ਭਾਈ ਸਤਵੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੇ ਸ਼ਹੀਦੀ ਦਿਨ ਤੇ ਸਿੰਘਾਂ ਨੂੰ ਲੱਖ ਲੱਖ ਪ੍ਰਨਾਮ ਕਰੀਏ।